ਨੰ: 5/49/13-3ਵਿਪਪਤ/785906/1

**ਪੰਜਾਬ ਸਰਕਾਰ**

**ਵਿੱਤ ਵਿਭਾਗ**

**(ਵਿੱਤ ਪੈਨਸ਼ਨ ਪਾਲਿਸੀ ਅਤੇ ਤਾਲਮੇਲ ਸ਼ਾਖਾ)**

ਮਿਤੀ:ਚੰਡੀਗੜ੍ਹ: 29-6-16

ਸੇਵਾ ਵਿਖੇ

ਸਮੂਹ ਵਿਭਾਗਾਂ ਦੇ ਮੁਖੀ, ਰਜਿਸਟਰਾਰ ਪੰਜਾਬ ਤੇ ਹਰਿਆਣਾ
ਹਾਈ ਕੋਰਟ, ਡਿਵੀਜ਼ਨਾਂ ਦੇ ਕਮਿਸ਼ਨਰ, ਜ਼ਿਲ੍ਹਾ ਤੇ ਸੈਸ਼ਨ ਜੱਜ ਅਤੇ
ਰਾਜ ਦੇ ਸਾਰੇ ਡਿਪਟੀ ਕਮਿਸ਼ਨਰ ।

ਵਿਸ਼ਾ:- Incorporation of **ADHAAR Number** in Pension Payment Orders (PPO).

----

ਸ਼੍ਰੀਮਾਨ ਜੀ,

ਮੈਨੂੰ ਆਪਦਾ ਧਿਆਨ ਉਪਰੋਕਤ ਵਿਸ਼ੇ ਵੱਲ ਦਿਵਾਉਣ ਅਤੇ ਲਿਖਣ ਦੀ ਹਦਾਇਤ ਹੋਈ ਹੈ ਕਿ ਮਹਾਲੇਖਾਕਾਰ ਪੰਜਾਬ ਵੱਲੋਂ ਭਾਰਤ ਸਰਕਾਰ ਦੀ ਤਰਜ ਤੇ ਪੰਜਾਬ ਸਰਕਾਰ ਦੇ ਵਿਭਾਗਾਂ ਵੱਲੋਂ ਭੇਜੇ ਜਾਣ ਵਾਲੇ ਪੈਨਸ਼ਨਰਜ਼/ਫੈਮਿਲੀ ਪੈਨਸ਼ਨਰਜ਼ ਦੇ ਪੈਨਸ਼ਨ ਪੇਪਰਜ਼ ਵਿੱਚ ਹੇਠ ਲਿਖੇ ਦਸਤਾਵੇਜ/ਸੂਚਨਾ ਸਪਲਾਈ ਕਰਨ ਲਈ ਕਿਹਾ ਗਿਆ ਹੈ ਤਾਂ ਜੋ ਨਵੇਂ ਜਾਰੀ ਕੀਤੇ ਜਾਣ ਵਾਲੇ ਪੈਨਸ਼ਨ ਪੇਮੈਂਟ ਆਰਡਰ (ਪੀ.ਪੀ.ਓਜ਼) ਵਿੱਚ ਇਹ ਸੂਚਨਾ ਸ਼ਾਮਿਲ ਕੀਤੀ ਜਾ ਸਕੇ:-

1. Permanent Account Number of Income Tax (PAN)
2. ADHAAR Number (if available)
3. Mobile Number (if available)
4. E-mail ID (if available)

2. ਉਪਰੋਕਤ ਸਥਿਤੀ ਦੇ ਸਨਮੁੱਖ ਆਪਣੇ ਵਿਭਾਗ ਦੇ ਸਮੂਹ ਸਬੰਧਤ ਅਧਿਕਾਰੀਆਂ ਨੂੰ ਤੁਰੰਤ ਹਦਾਇਤਾਂ ਜਾਰੀ ਕਰ ਦਿੱਤੀਆਂ ਜਾਣ ਕਿ ਉਹਨਾਂ ਵੱਲੋਂ ਮਹਾਲੇਖਾਕਾਰ ਦਫਤਰ ਨੂੰ ਪੈਨਸ਼ਨਰਜ਼/ਫੈਮਿਲੀ ਪੈਨਸ਼ਨਰਜ਼ ਦੇ ਨਿਰਧਾਰਤ ਪੈਨਸ਼ਨ ਪੇਪਰਜ਼ ਵਿੱਚ ਉਪਰੋਕਤ ਦਸਤਾਵੇਜ/ਸੂਚਨਾ ਸ਼ਾਮਿਲ ਕਰਨਾ ਯਕੀਨੀ ਬਣਾਇਆ ਜਾਵੇ ਤਾਂ ਜੋ ਮਹਾਲੇਖਾਕਾਰ ਪੰਜਾਬ ਵੱਲੋਂ ਪੈਨਸ਼ਨਰਜ਼/ਫੈਮਿਲੀ ਪੈਨਸ਼ਨਰਜ਼ ਨੂੰ ਸਹੀ ਢੰਗ ਨਾਲ ਜਾਂਚ ਪੜਤਾਲ/ਸਨਾਖਤ ਕੀਤੀ ਜਾ ਸਕੇ।

3. ਉਪਰੋਕਤ ਤੋਂ ਇਲਾਵਾ ਸਾਰੇ ਸਰਕਾਰੀ ਕਰਮਚਾਰੀਆਂ ਦੀ ਸਰਵਿਸ ਬੁੱਕਾਂ ਵਿੱਚ ਵੀ ਕਰਮਚਾਰੀ ਦਾ ਆਧਾਰ ਨੰਬਰ ਦਰਸਾਉਣਾ ਯਕੀਨੀ ਬਣਾਇਆ ਜਾਵੇ।

ਇਨ੍ਹਾਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨਾ ਯਕੀਨੀ ਬਣਾਇਆ ਜਾਵੇ।

ਸੰਯੁਕਤ ਸਕੱਤਰ ਵਿੱਤ 29/6/16

ਪਿੱ.ਅੰ.ਨੰ:5/49/2013-3ਵਿਪਪਤ/785906/2 ਮਿਤੀ: 29-6-2016

ਇਸ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ:-

1. ਮੁੱਖ ਸਕੱਤਰ, ਪੰਜਾਬ ਸਰਕਾਰ।
2. ਪੰਜਾਬ ਸਰਕਾਰ ਦੇ ਸਮੂਹ ਵਿੱਤੀ ਕਮਿਸ਼ਨਰ, ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ।
3. ਸਥਾਨਕ ਵਿੱਤੀ ਕਮਿਸ਼ਨਰ, ਪੰਜਾਬ, ਪੰਜਾਬ ਭਵਨ, ਕਾਪਰਨਿਕਸ ਮਾਰਗ, ਨਵੀਂ ਦਿੱਲੀ।

ਸੰਯੁਕਤ ਸਕੱਤਰ ਵਿੱਤ 29/6/16